[Total No. of (i) Printed Pages 3 (ii) Questions 7 ]

**Sub Code :** 0867 (1048) **Exam Code :** 0022

**Exam :** Bachelor of Business Administration 2nd Semester

**Subject :** Punjabi

**Paper :** Paper : BBA121A

***Time : 3 Hours*** ***Maximum Marks : 45***

ਨੋਟ: (I) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

(II) ਲਿਖਾਈ ਸਾਫ਼, ਸਪੱਸ਼ਟ ਅਤੇ ਸ਼ਬਦ-ਜੋੜ ਸ਼ੁੱਧਤਾ ਵੱਲ ਧਿਆਨ ਦਿੱਤਾ ਜਾਵੇ।

(III) ਸਵਾਲਾਂ ਦੇ ਉੱਤਰ ਢੁੱਕਵੇਂ ਅਤੇ ਸਟੀਕ ਦਿਓ।

1. ਹੇਠ ਲਿਖੇ ਕਾਵਿ-ਬੰਦਾ ਵਿਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਮੇਰਾ ਦਰਵਾਜ਼ਾ ਇਕ ਉਬਾਸੀ ਵਾਂਗੂ ਖੁਲ੍ਹਦਾ ਹੈ
ਮੈਂ ਆਪਣਾ ਆਪਾ ਹੂੰਝ ਗਲੀ 'ਚੋਂ ਅੰਦਰ ਸੁੱਟਦਾ ਹਾਂ
ਮੈਨੂੰ ਹੁੰਮਸ ਦਾ ਪਰਦਾ ਹੈ
ਮੈਂ ਸਦਾ ਪੁਰੇ ਵਿਚ ਨੰਗਾ ਹਾਂ
ਮੇਰੀ ਘਰ ਵਾਲੀ ਘਰ ਦਾ ਕੂੜਾ ਹੂੰਝ-
ਗਲੀ ਵਿਚ ਬਾਹਰ ਸੁੱਟਦੀ ਹੈ
ਮੈਂ ਡਰਦਾ ਹਾਂ
ਮੇਰੀ ਘਰ ਵਾਲੀ ਮੈਨੂੰ ਕਿਤੇ ਵੇਖ ਨ ਲਏ।

P.T.O.

(ਅ) ਖ਼ੁਦਗਰਜ਼ ਕਹਿਣ ਗ਼ੱਦਾਰ ਕਹਿਣ
ਚਾਲਾਕ ਜਿਹਾ ਮੱਕਾਰ ਕਹਿਣ
ਬੁਜ਼ਦਿਲ ਸਮਝੌਤਾਕਾਰ ਕਹਿਣ
ਇਹ ਕੀ ਕੀ ਮੇਰੇ ਯਾਰ ਕਹਿਣ
ਮੈਂ ਸਭ ਮੁਸਕਾ ਕੇ ਸਹਿ ਜਾਨਾਂ
ਤੇ ਕਹਿੰਦਾ ਕਹਿੰਦਾ ਰਹਿ ਜਾਨਾਂ
ਇਹ ਲੀਕ ਤਾਂ ਸਾਹ ਦੇ ਰੰਗ ਦੀ ਹੈ
ਮੇਰੇ ਫੇਫੜਿਆਂ ਚੋਂ ਲੰਘਦੀ ਹੈ 5

2. ਕਿਸੇ ਇੱਕ ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ :

(ੳ) ਉਸ ਦਾ ਹਾਰ (ਬਾਵਾ ਬਲਵੰਤ)

(ਅ) ਤੂੰ ਬੜੀ ਮਾਸੂਮ ਏਂ (ਹਰਿਭਜਨ ਸਿੰਘ)

(ੲ) ਧਰਮੀ ਬਾਬਲ (ਸ਼ਿਵ ਕੁਮਾਰ)

(ਸ) ਖ਼ਤਾਂ ਦੀ ਉਡੀਕ (ਸੁਰਜੀਤ ਪਾਤਰ) 5

3. ਹੇਠ ਦਰਜ ਕਹਾਣੀਆਂ ਵਿਚੋਂ ਕਿਸੇ ਇੱਕ ਕਹਾਣੀ ਦਾ ਸਾਰ ਲਿਖੋ :

(ੳ) ਕਬਰਾਂ ਤੋਂ ਸਿਵਿਆਂ ਤੱਕ

(ਅ) ਇੱਕਵੀਂ ਸਦੀ 5

4. ਕਿਸੇ ਇਕ ਲੇਖਕ ਦੇ ਜੀਵਨ, ਰਚਨਾ ਤੇ ਸਾਹਿਤਕ ਯੋਗਦਾਨ ਉੱਤੇ ਨੋਟ ਲਿਖੋ :

(ੳ) ਬਾਵਾ ਬਲਵੰਤ

(ਅ) ਗੁਰਦਿਆਲ ਸਿੰਘ 5

5. ਤੁਸੀਂ ਜਾਇਦਾਦ-ਸਲਾਹਕਾਰ (ਪ੍ਰਾਪਟੀ ਡੀਲਰ) ਦਾ ਕੰਮ ਕਰਦੇ ਹੋ। ਆਪਣੀ ਫਰਮ ਵੱਲੋਂ ਜਾਇਦਾਦ ਵੇਚਣ-ਖਰੀਦਣ ਲਈ ਇਸ਼ਤਿਹਾਰ ਤਿਆਰ ਕਰੋ।

ਜਾਂ

ਤੁਹਾਡੇ ਕਾਲਜ ਵਿਚ ਰੱਸਾ-ਕੱਸੀ ਦੇ ਹੋਏ ਅੰਤਰ-ਕਾਲਜ ਮੁਕਾਬਲੇ ਸੰਬੰਧੀ ਪ੍ਰੈਸ ਨੋਟ ਤਿਆਰ ਕਰੋ। 8

6. ਹੇਠ ਲਿਖੇ ਵਾਰਤਕ ਟੋਟੇ ਵਿਚ ਢੁੱਕਵੇਂ ਵਿਸ਼ਰਾਮ ਚਿੰਨ੍ਹ ਲਗਾਉ :

ਈਸਰ ਨੂੰ ਜਿਵੇਂ ਸਕਤਾ ਮਾਰ ਗਿਆ। ਉਹ ਖਾਸਾ ਚਿਰ ਕਦੇ ਸੱਗੀ ਵੱਲ ਤੇ ਕਦੇ ਮੁਨੇ ਦੀਆਂ ਅੱਖਾਂ ਵੱਲ ਝਾਕਦਾ ਰਿਹਾ। ਝਾਕਦਾ ਕੀ ਐਂ ਏਸ ਗੱਲ ਦੀ ਕਾਹਦੀ ਨਮੋਸ਼ੀ ਐ ਮੁਨੇ ਨੇ ਸੱਗੀ ਈਸਰ ਦੇ ਖੀਸੇ ਵਿਚ ਪਾਂਦਿਆਂ ਕਿਹਾ ਆਵਦੀ ਇੱਜਤ ਪਿੱਛੇ ਲੋਕ ਦੇਹਾਂ ਵੇਚ ਦਿੰਦੇ ਐ ਇਹ ਤਾਂ ਤੇਰਾ ਸਿਉਨੈਂ ਜਿਉਂਦਾ ਰਹੇ ਮੇਰਾ ਸ਼ੇਰ ਸਲੱਗ ਨਿਕਲਿਆ ਤਾਂ ਸੱਗੀਆਂ ਹੋਰ ਬਥੇਰੀਆਂ। ਇਹ ਕਹਿੰਦਿਆਂ ਉਹਨੇ ਵਿਹੜੇ ਵਿਚ ਗੜ੍ਹੀਰਾ ਰੇੜ੍ਹੀ ਫਿਰਦੇ ਮੱਖਣ ਵੱਲ ਤੱਕਿਆ ਤੇ ਉਹਦੀਆਂ ਅੱਖਾਂ ਲਿਸ਼ਕ ਪਈਆਂ।

6

7. ਨਿਮਨ ਲਿਖਤ ਤਕਨੀਕੀ ਸ਼ਬਦਾਵਲੀ ਵਿਚੋਂ ਕੋਈ ਅੱਠ ਸ਼ਬਦਾਂ ਦਾ ਪੰਜਾਬੀ ਵਿਚ ਅਨੁਵਾਦ ਕਰੋ:

Inflation, Jobber, Ledger, Marketable, Goods, Rebate, Revenue, Tariff, Under Value, Validity Period, Yield. $1 \times 8 = 8$